ਪੰਜਾਬ ਸਰਕਾਰ

ਆਮ ਰਾਜ ਪ੍ਰਬੰਧ ਵਿਭਾਗ

ਸਕੱਤਰੇਤ ਅਮਲਾ-2 ਸ਼ਾਖਾ

Office of District & Sessions Judge
Faridkot
Recd ... 6569
Date 06/08/2021

## ਹੁਕਮ

ਸਰਕਾਰ ਦੇ ਪੱਤਰ ਨੰ: 2/3/2011-4ਅ2/1800 ਮਿਤੀ 08.02.2012 ਰਾਹੀਂ ਸ੍ਰੀਮਤੀ ਹਰਦੀਪ ਕੌਰ ਪੁੱਤਰੀ ਸ੍ਰੀ ਮੇਜਰ ਸਿੰਘ ਵਾਸੀ ਪਿੰਡ ਸੋਤਲ ਬਾਬਾ, ਤਹਿਸੀਲ ਚਮਕੌਰ ਸਾਹਿਬ, ਜਿਲ੍ਹਾ ਰੂਪਨਗਰ ਨੂੰ ਪੰਜਾਬ ਸਿਵਲ ਸਕੱਤਰੇਤ ਵਿਖੇ ਬਤੌਰ ਸਟੈਨੋਟਾਈਪਿਸਟ ਨਿਯੁਕਤ ਹੋਣ ਲਈ ਨਿਯੁਕਤੀ ਪੱਤਰ ਜਾਰੀ ਕੀਤਾ ਗਿਆ ਸੀ। ਜਿਸ ਦੇ ਸਨਮੁੱਖ ਉਸ ਵੱਲੋਂ ਮਿਤੀ 10.02.2012 ਨੂੰ ਪੰਜਾਬ ਸਿਵਲ ਸਕੱਤਰੇਤ ਵਿਖੇ ਹਾਜਰੀ ਰਿਪੋਰਟ ਪੇਸ਼ ਕੀਤੀ ਗਈ।

2. ਜਦਕਿ ਸ੍ਰੀਮਤੀ ਹਰਦੀਪ ਕੌਰ ਪੁੱਤਰੀ ਸ੍ਰੀ ਮੇਜਰ ਸਿੰਘ ਨੂੰ ਬਤੌਰ ਸਟੈਨੋਟਾਈਪਿਸਟ ਨਿਯੁਕਤ ਕਰਨ ਲਈ ਜਾਰੀ ਕੀਤੇ ਗਏ ਨਿਯੁਕਤੀ ਪੱਤਰ ਦੇ ਪੈਰ੍ਹਾ-8 ਵਿੱਚ ਹੇਠ ਲਿਖੇ ਅਨੁਸਾਰ ਸ਼ਰਤ ਲਗਾਈ ਗਈ ਸੀ:-

> (8) "ਹਾਜਰੀ ਰਿਪੋਰਟ ਦੇਣ ਸਮੇਂ ਆਪਣੀ ਵਿਦਿਅਕ ਯੋਗਤਾ ਸਬੰਧੀ ਅਸਲ ਸਰਟੀਫਿਕੇਟ ਦਿਖਾਏਗਾ, ਜੇਕਰ ਸਰਟੀਫਿਕੇਟ ਵੈਰੀਫਾਈ ਕਰਵਾਉਣ ਉਪਰੰਤ ਜਾਅਲੀ ਸਾਬਤ ਹੁੰਦੇ ਹਨ ਅਤੇ/ਜਾਂ ਉਹ ਨਿਯਮਾਂ ਅਨੁਸਾਰ ਵਿਦਿਅਕ ਯੋਗਤਾਵਾਂ ਅਤੇ ਦੂਜੀਆਂ ਸ਼ਰਤਾ ਪੂਰੀਆਂ ਨਹੀਂ ਕਰਦਾ, ਤਾਂ ਇਹ ਨਿਯੁਕਤੀ ਪੱਤਰ ਆਪਣੇ ਆਪ ਰੱਦ ਸਮਝਿਆ ਜਾਵੇਗਾ।"

3. ਜਦਕਿ ਸ੍ਰੀਮਤੀ ਹਰਦੀਪ ਕੌਰ ਪੁੱਤਰੀ ਸ੍ਰੀ ਮੇਜਰ ਸਿੰਘ ਵਲੋਂ ਡਿਊਟੀ ਜੁਆਇੰਨ ਕਰਨ ਸਮੇ ਆਪਣੀ ਵਿਦਿਅਕ ਯੋਗਤਾਂ ਸਬੰਧੀ ਪੇਸ਼ ਕੀਤੇ ਗਏ ਮੈਟ੍ਰਿਕ ਅਤੇ ਬੀ.ਏ. ਦੀ ਡਿਗਰੀ ਦੇ ਅਸਲ ਸਰਟੀਫਿਕੇਟ ਸਕੱਤਰੇਤ ਪ੍ਰਸ਼ਾਸਨ (ਅਮਲਾ-2 ਸ਼ਾਖਾ) ਨੂੰ ਪੇਸ਼ ਕੀਤੇ ਗਏ। ਜਿਨ੍ਹਾਂ ਵਿਚੋਂ ਦਸਵੀਂ ਦਾ ਸਰਟੀਫਿਕੇਟ ਲੜੀ ਨੰ: 462547 ਅਤੇ ਰਜਿਸਟ੍ਰੇਸ਼ਨ ਨੰਬਰ B-2001-R.P.240163, ਰੋਲ ਨੰ: 268010 ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਵੈਰੀਫਿਕੇਸ਼ਨ ਲਈ ਭੇਜਿਆ ਗਿਆ ਸੀ। ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਮਿਤੀ 30.09.2013 ਨੂੰ ਜਾਰੀ ਕੀਤੇ ਪੱਤਰ ਰਾਹੀਂ ਸਰਟੀਫਿਕੇਟ ਦੇ ਸਹੀ ਹੋਣ ਸਬੰਧੀ ਪੁਸ਼ਟੀ ਕੀਤੀ ਗਈ।

4. ਜਦਕਿ ਸ੍ਰੀ ਵਿਕੁਲ, ਮਕਾਨ ਨੰ: 377 ਪੁਡਾ ਕਾਲੋਨੀ, ਮਲੋਟ, ਜਿਲ੍ਹਾ ਮੁਕਤਸਰ ਵਲੋਂ ਮਿਤੀ 29.09.2020 ਨੂੰ ਸ਼ਿਕਾਇਤ ਪ੍ਰਾਪਤ ਹੋਈ। ਸ਼ਿਕਾਇਤਕਰਤਾ ਵਲੋਂ ਸ਼੍ਰੀਮਤੀ ਹਰਦੀਪ ਕੌਰ ਪੁੱਤਰੀ ਸ੍ਰੀ ਮੇਜਰ ਸਿੰਘ, ਸਟੈਨੋਟਾਈਪਿਸਟ ਦੇ ਮੈਟ੍ਰਿਕ ਦਾ ਸਰਟੀਫਿਕੇਟ ਜਾਅਲੀ ਹੋਣ ਸਬੰਧੀ ਸੂਚਿਤ ਕਰਦੇ ਹੋਏ, ਇਸ ਸਬੰਧੀ ਕੀਤੀ ਗਈ ਕਾਰਵਾਈ ਤੋ ਉਸਨੂੰ ਜਾਣੂ ਕਰਵਾਉਣ ਲਈ ਲਿਖਿਆ ਗਿਆ। ਸ਼ਿਕਾਇਤਕਰਤਾ ਵਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਕਰਮਚਾਰਨ ਦਾ 10ਵੀਂ ਦਾ ਸਰਟੀਫਿਕੇਟ ਜਾਅਲੀ ਹੋਣ ਸਬੰਧੀ ਵੈਬਸਾਈਟ ਤੇ ਲੋਡ ਕੀਤੀ ਰਿਪੋਰਟ ਦੀ ਕਾਪੀ ਵੀ ਸ਼ਿਕਾਇਤ ਨਾਲ ਭੇਜੀ ਗਈ।

5. ਜਦਕਿ ਸਕੱਤਰੇਤ ਪ੍ਰਸ਼ਾਸ਼ਨ ਵਲੋਂ ਪੱਤਰ ਨੰ: GAD-EST20COMP/10/2020-2E2/305 ਮਿਤੀ 19.10.2020 ਰਾਹੀਂ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਉਨ੍ਹਾਂ ਵਲੋਂ ਸ਼੍ਰੀਮਤੀ ਹਰਦੀਪ ਕੌਰ ਪੁੱਤਰੀ ਸ੍ਰੀ ਮੇਜਰ ਸਿੰਘ, ਸਟੈਨੋਟਾਈਪਿਸਟ ਦੇ 10ਵੀਂ ਦੇ ਸਰਟੀਫਿਕੇਟ ਸਹੀ ਹੋਣ ਸਬੰਧੀ ਜਾਰੀ ਪੱਤਰ ਮਿਤੀ 30.09.2013 ਅਤੇ ਸ਼ਿਕਾਇਤਕਰਤਾ ਵਲੋਂ ਸਰਟੀਫਿਕੇਟ ਦੇ ਜਾਅਲੀ ਹੋਣ ਸਬੰਧੀ ਪ੍ਰਾਪਤ ਰਿਪੋਰਟ ਦੀਆਂ ਕਾਪੀਆਂ ਭੇਜਦੇ ਹੋਏ, ਇਨ੍ਹਾਂ ਵਿਚੋਂ ਕਿਹੜੀ ਰਿਪੋਰਟ ਸਹੀ ਹੈ, ਉਸ ਸਬੰਧੀ ਸੂਚਿਤ ਕਰਨ ਲਈ ਲਿਖਿਆ ਗਿਆ।

6. ਜਦਕਿ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਪੱਤਰ ਨੰ: ਪਸਸਬ-ਵੈਰੀਫਿਕੇਸ਼ਨ /L1674-Section-B3, ਮਿਤੀ 20.10.2020 ਰਾਹੀਂ ਹੇਠ ਲਿਖੇ ਅਨੁਸਾਰ ਸੂਚਿਤ ਕੀਤਾ ਗਿਆ ਹੈ:-

" ਕਿ ਸਕੱਤਰੇਤ ਪ੍ਰਸ਼ਾਸ਼ਨ ਵਲੋਂ ਜਾਰੀ ਪੱਤਰ ਨਾਲ ਜੋ ਸਰਟੀਫਿਕੇਟ ਨੱਥੀ ਹੈ ਅਤੇ ਉਸ ਤੇ ਜੋ ਲੜੀ ਨੰਬਰ TT3U 462547 ਦਰਜ ਹੈ, ਉਸ ਲੜੀ ਨੰਬਰ ਦਾ ਸਰਟੀਫਿਕੇਟ ਦਫਤਰ ਵੱਲੋਂ ਇਸ ਪ੍ਰਾਰਥੀ ਨੂੰ ਜਾਰੀ ਹੀ ਨਹੀਂ ਕੀਤਾ ਗਿਆ। ਇਸ ਤੋ ਇਲਾਵਾ ਉਨ੍ਹਾਂ ਵਲੋਂ ਸੂਚਿਤ ਕੀਤਾ ਗਿਆ ਕਿ ਉਨ੍ਹਾਂ ਦੇ ਦਫਤਰ ਵਲੋਂ ਪੱਤਰ ਨੰ: 11577-3/13, ਮਿਤੀ 30.09.2013 ਜਾਰੀ ਹੋਇਆ, ਉਹ ਦਫਤਰੀ ਰਿਕਾਰਡ ਅਨੁਸਾਰ ਰਿਪੋਰਟ ਗਲਤ ਜਾਰੀ ਕੀਤੀ ਗਈ ਹੈ। ਭਾਵ ਕਿ ਉਸ ਸਮੇ ਦਫਤਰ ਵੱਲੋ ਇਸ ਪ੍ਰਾਰਥੀ ਦੀ ਰਿਪੋਰਟ ਨੂੰ ਬੋਗਸ ਕਰਕੇ ਭੇਜਣਾ ਚਾਹੀਦਾ ਸੀ, ਪਰ ਸਬੰਧਤਾਂ ਵੱਲੋ ਇਸ ਰਿਪੋਰਟ ਨੂੰ ਸਹੀ ਕਰਕੇ ਭੇਜਿਆ ਗਿਆ। ਇਸ ਤੋ ਇਲਾਵਾ ਇੱਥੇ ਉਨ੍ਹਾਂ ਵਲੋਂ ਇਹ ਵੀ ਦੱਸਿਆ ਗਿਆ ਕਿ ਬੋਰਡ ਦੇ ਦਫਤਰ ਦੀ ਵੈੱਬ ਸਾਈਡ ਦੇ ਇਸ ਪ੍ਰਾਰਥੀ ਦੀ ਸਰਟੀਫਿਕੇਟ ਜਾਅਲੀ ਹੋਣ ਸਬੰਧੀ ਜੋ ਰਿਪੋਰਟ ਅਪਲੋਡ ਕੀਤੀ ਗਈ ਹੈ। ਉਹ ਸਹੀ ਹੈ। ਸ਼੍ਰੀਮਤੀ ਹਰਦੀਪ ਕੋਰ ਪੁੱਤਰੀ ਸ਼੍ਰੀ ਮੇਜਰ ਸਿੰਘ ਦਾ ਮੈਟ੍ਰਿਕ ਦਾ ਸਰਟੀਫਿਕੇਟ (ਰੋਲ ਨੰ: 268010 ਸਾਲ 2003 ਵੱਲੋ ਜੋ ਨੋਕਰੀ ਲੈਣ ਸਮੇ ਪੇਸ਼ ਕੀਤਾ ਗਿਆ ਜਾਅਲੀ ਸੀ।"

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਭੇਜੀ ਉਕਤ ਰਿਪੋਰਟ ਨਾਲ ਉਨ੍ਹਾਂ ਵੱਲੋਂ ਨਤੀਜਾ ਗਜਟ ਦਸਵੀਂ ਪ੍ਰੀਖਿਆ ਮਾਰਚ-2003 ਦੀ ਕਾਪੀ ਨਾਲ ਨੱਥੀ ਕੀਤੀ ਗਈ ਹੈ ਜਿਸ ਅਨੁਸਾਰ ਸ਼੍ਰੀਮਤੀ ਹਰਦੀਪ ਕੋਰ ਪੁੱਤਰੀ ਸ਼੍ਰੀ ਮੇਜਰ ਸਿੰਘ ਦਾ ਦਸਵੀਂ ਦਾ ਨਤੀਜਾ ਫੇਲ ਦਰਸਾਇਆ ਗਿਆ ਹੈ।

7. ਜਦਕਿ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਸ਼੍ਰੀਮਤੀ ਹਰਦੀਪ ਕੋਰ ਪੁੱਤਰੀ ਸ਼੍ਰੀ ਮੇਜਰ ਸਿੰਘ ਵਲੋਂ ਪੇਸ਼ ਕੀਤੇ ਮੈਟ੍ਰਿਕ ਦਾ ਸਰਟੀਫਿਕੇਟ ਜਾਅਲੀ ਹੋਣ ਸਬੰਧੀ ਪ੍ਰਾਪਤ ਹੋਈ ਰਿਪੋਰਟ ਦੇ ਸਨਮੁੱਖ ਕਰਮਚਾਰਨ ਨੂੰ ਸੂਚਿਤ ਕਰਦੇ ਹੋਏ, ਉਸ ਨੂੰ ਆਪਣਾ ਪੱਖ ਰੱਖਣ ਲਈ ਨਿੱਜੀ ਸੁਣਵਾਈ ਦਾ ਮੋਕਾ ਦਿੰਦੇ ਹੋਏ ਉਸ ਨੂੰ ਮਿਤੀ 30.10.2020 ਨੂੰ ਨਿਮਨ-ਹਸਤਾਖਰੀ ਵਲੋਂ ਸੁਣਿਆ ਗਿਆ । ਪਰੰਤੂ ਕਰਮਚਾਰਨ ਵਲੋਂ ਉਸਦਾ ਸਰਟੀਫਿਕੇਟ ਸਹੀ ਹੋਣ ਸਬੰਧੀ ਕੋਈ ਤਸਲੀਬਖਸ਼ ਜਵਾਬ ਨਹੀਂ ਦਿੱਤਾ ਗਿਆ ਅਤੇ ਨਾ ਹੀ ਉਸ ਦੁਆਰਾ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪ੍ਰਾਪਤ ਹੋਈ ਰਿਪੋਰਟ ਨੂੰ ਗਲਤ ਸਾਬਤ ਕਰਨ ਬਾਰੇ ਕੋਈ ਦਸਤਾਵੇਜੀ ਸਬੂਤ ਪੇਸ਼ ਕੀਤੇ ਗਏ।

8. ਜਦਕਿ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਸ਼੍ਰੀਮਤੀ ਹਰਦੀਪ ਕੋਰ ਪੁੱਤਰੀ ਮੇਜਰ ਸਿੰਘ ਵਲੋਂ ਨੋਕਰੀ ਜੁਆਇੰਨ ਕਰਨ ਸਮੇ ਪੇਸ਼ ਕੀਤਾ ਮੈਟ੍ਰਿਕ ਦਾ ਸਰਟੀਫਿਕੇਟ ਜਾਅਲੀ ਹੋਣ ਸਬੰਧੀ ਪ੍ਰਾਪਤ ਹੋਈ ਰਿਪੋਰਟ ਦੇ ਆਧਾਰ ਤੇ ਸਕੱਤਰੇਤ ਪ੍ਰਸ਼ਾਸ਼ਨ ਵਲੋਂ ਕਰਮਚਾਰਨ ਪਾਸੋਂ 10+2 ਅਤੇ ਬੀ.ਏ. ਦੀ ਡਿਗਰੀ ਸਬੰਧੀ ਅਸਲ ਸਰਟੀਫਿਕੇਟ ਪ੍ਰਾਪਤ ਕਰਨ ਉਪਰੰਤ ਇਨ੍ਹਾਂ ਦੀ ਮੁੜ ਵੈਰੀਫਿਕੇਸ਼ਨ ਕਰਵਾਉਣ ਹਿੱਤ ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਕਰਮਵਾਰ ਪੱਤਰ ਨੰ: GAD-EST20COMP/10/2020-2E2/315 ਮਿਤੀ 06.11.2020 ਅਤੇ GAD-EST20COMP/10/2020-2E2/316 ਮਿਤੀ 06.11.2020 ਭੇਜਦੇ ਹੋਏ, ਰਿਪੋਰਟ ਕਰਨ ਲਈ ਲਿਖਿਆ ਗਿਆ।

9. ਜਦਕਿ ਪੰਜਾਬ ਸਕੂਲ ਸਿੱਖਿਆ ਵਲੋਂ ਆਪਣੇ ਪੱਤਰ ਨੰ: 2612 ਵੈਰੀਫਿਕੇਸ਼ਨ ਸ਼ਾਖਾ, ਮਿਤੀ 09.11.2020 ਰਾਹੀਂ ਸੂਚਿਤ ਕੀਤਾ ਗਿਆ ਕਿ "ਦਸਵੀਂ ਦਾ ਨਤੀਜਾ ਫੇਲ ਹੈ, ਤਾਂ ਬਾਰ੍ਹਵੀਂ ਦਾ ਨਤੀਜਾ ਰੱਦ ਸਮਝਿਆ ਜਾਵੇ " ਇਸੇ ਤਰ੍ਹਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਪੱਤਰ ਨੰ: 1314/ਵ.ਸ. ਮਿਤੀ 08.07.2021 ਰਾਹੀਂ ਕਰਮਚਾਰਨ ਦੀ ਡਿਗਰੀ ਸਰਟੀਫਿਕੇਟ ਸਬੰਧੀ ਪ੍ਰਾਪਤ ਵੈਰੀਫਿਕੇਸ਼ਨ ਰਿਪੋਰਟ ਰਾਹੀਂ ਹੇਠ ਅਨੁਸਾਰ ਸੂਚਿਤ ਕੀਤਾ ਗਿਆ ਹੈ:-

| ਲੜੀ ਨੰ: | ਵਿਦਿਆਰਥੀ/ਪਿਤਾ ਦਾ ਨਾ | ਰਜਿਸਟ੍ਰੇਸ਼ਨ ਨੰ: | ਰੱਦ ਕੀਤੀ ਪ੍ਰੀਖਿਆ | ਰੋਲ ਨੰਬਰ/ ਸੈਸ਼ਨ | ਨਤੀਜਾ |
|---|---|---|---|---|---|
| 1 | Hardip Kaur/ Major Singh/ Harjinder Kaur | SBS(PD) 2004-18 Punjabi | B.A.Part-III (3Year Course) | 79572/ April 2007 | C.C. (Candidature Cancelled) |

10. ਜਦਕਿ ਸ੍ਰੀਮਤੀ ਹਰਦੀਪ ਕੌਰ ਪੁੱਤਰੀ ਸ੍ਰੀ ਮੇਜਰ ਸਿੰਘ, ਸਟੈਨੋਟਾਈਪਿਸਟ ਵੱਲੋਂ ਨੌਕਰੀ ਵਿੱਚ ਆਉਣ ਸਮੇ ਆਪਣੀ ਵਿਦਿਅਕ ਯੋਗਤਾ ਸਬੰਧੀ ਪੇਸ਼ ਕੀਤੇ ਗਏ ਦੱਸਵੀਂ ਦਾ ਸਰਟੀਫਿਕੇਟ ਜਾਅਲੀ ਪਾਏ ਜਾਣ ਕਾਰਣ ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਪੰਜਾਬੀ ਯੂਨੀਵਰਸਿਟੀ, ਪਟਿਅਲਾ ਵਲੋਂ ਕਰਮਚਾਰਨ ਦੇ 10+2 ਅਤੇ ਬੀ.ਏ. ਦਾ ਨਤੀਜਾ ਰੱਦ ਕਰ ਦਿੱਤਾ ਗਿਆ ਹੈ। ਇਸ ਤਰ੍ਹਾਂ ਕਰਮਚਾਰਨ ਵੱਲੋਂ ਨਿਯੁਕਤੀ ਸਮੇਂ ਆਪਣੀ ਵਿਦਿਅਕ ਯੋਗਤਾ ਸਬੰਧੀ ਜਾਅਲੀ ਸਰਟੀਫਿਕੇਟ ਪੇਸ਼ ਕਰਦੇ ਹੋਏ, ਸਰਕਾਰ ਨਾਲ ਧੋਖਾਧੜੀ ਕੀਤੀ ਗਈ ਹੈ।

11. ਜਦਕਿ ਪੰਜਾਬ ਸਿਵਲ ਸੇਵਾਵਾਂ (ਆਮ ਤੇ ਸਾਂਝੀਆਂ ਸ਼ਰਤਾਂ) ਨਿਯਮਾਂਵਲੀ, 1994 ਦੇ ਨਿਯਮ 16 ਅਤੇ 17 ਵਿੱਚ ਹੇਠ ਲਿਖੇ ਅਨੁਸਾਰ ਉਪਬੰਧ ਕੀਤੇ ਹੋਏ ਹਨ:-

> **16. Minimum Educational and other Qualifications for appointment to the post of Steno-typist or Junior Scale Stenographer-** No person shall be given direct appointment to the post of Steno-typist or Junior Scale Stenographer under the Punjab Government, unless he –
>
> a) Possesses Bachelor's Degree from a recognized University or Institution; and
>
> b) Qualifies a test in Punjabi Stenography to be held by the Board or by the appointing authority at a speed specified by the Government from time to time; and
>
> c) Possesses at least one hundred and twenty hours course with hands on experience in the use of Personal Computer or Information Technology in Office Productivity applications or Desktop Publishing applications from Government recognised institution or a reputed institution, which is ISO 9001, certified.
>
> OR
>
> Possesses a Computer information Technology Course equivalent to 'O' level certificate of Department of Electronics Accreditation of Computer Course (DOEACC) of Government of India.
>
> **17. Knowledge of Punjabi Language-** No person shall be appointed to any post in any service by direct appointment unless he has passed Matriculation examination with Punjabi as one of the compulsory or elective subjects or any other equivalent examination in Punjabi language, which may be specified by theh Government from time to time.

ਕਿਉਂਜੋ ਕਰਮਚਾਰਨ ਦੇ ਵਿੱਦਿਅਕ ਯੋਗਤਾ ਸਬੰਧੀ ਦਸਵੀਂ ਦਾ ਸਰਟੀਫਿਕੇਟ ਜਾਅਲੀ ਹੋਣ ਕਾਰਨ ਉਸਦਾ 10+2 ਅਤੇ ਬੀ.ਏ. ਦੀ ਡਿਗਰੀ/ਨਤੀਜਿਆਂ ਨੂੰ ਸਬੰਧਤ ਸਕੂਲ ਸਿੱਖਿਆ ਬੋਰਡ ਅਤੇ ਯੂਨੀਵਰਸਿਟੀ ਵੱਲੋਂ ਰੱਦ ਕਰ ਦਿੱਤਾ

05

ਗਿਆ ਹੈ। ਇਸ ਤਰ੍ਹਾਂ ਉਕਤ ਨਿਯਮਾਂ ਵਿੱਚ ਕੀਤੇ ਉਪਬੰਧਾਂ ਦੇ ਸਨਮੁੱਖ ਉਹ ਸਟੈਨੋਟਾਈਪਿਸਟ ਦੀ ਅਸਾਮੀ ਲਈ ਨਿਰਧਾਰਤ ਯੋਗਤਾਵਾਂ ਪੂਰੀਆਂ ਨਹੀਂ ਕਰਦੀ ਹੈ। ਇਸ ਲਈ ਉਸਨੂੰ ਨੂੰ ਸੇਵਾ ਵਿੱਚ ਬਣਾਏ ਰੱਖਣਾ ਉਚਿਤ ਨਹੀਂ ਹੈ।

12. ਜਦੋਂ ਕਿ ਸ੍ਰੀਮਤੀ ਹਰਦੀਪ ਕੌਰ ਪੁੱਤਰੀ ਸ੍ਰੀ ਮੇਜਰ ਸਿੰਘ, ਵਲੋਂ ਬਤੌਰ ਸਟੈਨੋਟਾਈਪਿਸਟ ਨਿਯੁਕਤੀ ਲਈ ਨਿਰਧਾਰਤ ਯੋਗਤਾ ਪੂਰੀ ਨਹੀਂ ਕਰਦੀ। ਜਿਸ ਕਾਰਣ ਉਸ ਨੂੰ ਇਸ ਆਸਾਮੀ ਤੇ ਚਲਦਾ ਰੱਖਣ ਲਈ ਕੋਈ ਤਰਕ/ਵਿਕਲਪ ਨਹੀਂ ਬਚਦਾ। ਇਸਲਈ ਮੈ ਅਮਨਦੀਪ ਕੌਰ, ਆਈ.ਏ.ਐਸ. ਵਧੀਕ ਸਕੱਤਰ, ਸਕੱਤਰੇਤ ਪ੍ਰਸ਼ਾਸ਼ਨ ਸਮਰਥ ਅਥਾਰਟੀ ਵਜੋਂ ਸ੍ਰੀਮਤੀ ਹਰਦੀਪ ਕੌਰ ਪੁੱਤਰੀ ਸ੍ਰੀ ਮੇਜਰ ਸਿੰਘ ਨੂੰ ਨੌਕਰੀ ਤੋ ਤੁਰੰਤ ਪ੍ਰਭਾਵ ਨਾਲ ਬਰਖਾਸਤ ਕਰਨ ਦੇ ਹੁਕਮ ਦਿੰਦੀ ਹਾਂ। ਇਹ ਹੁਕਮ ਜਾਰੀ ਹੋਣ ਦੀ ਮਿਤੀ ਤੱਕ ਹੀ ਕਰਮਚਾਰਨ ਨੂੰ ਬਣਦੀ ਤਨਖਾਹ/ਭੱਤੇ ਮਿਲਣਯੋਗ ਹੋਣਗੇ।

ਮਿਤੀ, ਚੰਡੀਗੜ੍ਹ
27.07.2021

ਅਮਨਦੀਪ ਕੌਰ, ਆਈ.ਏ.ਐਸ.
ਵਧੀਕ ਸਕੱਤਰ, ਪੰਜਾਬ ਸਰਕਾਰ
ਆਮ ਰਾਜ ਪ੍ਰਬੰਧ ਵਿਭਾਗ

ਪਿੱ.ਅੰ.ਨੰ:GAD-EST20COMP/10/2020-2E2/279 ਮਿਤੀ, ਚੰਡੀਗੜ੍ਹ, 27.07.2021

1. ਪ੍ਰਮੁੱਖ ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ;
2. ਪ੍ਰਮੁੱਖ ਮਹਾਂਲੇਖਾਕਾਰ (ਲੇਖਾ ਤੇ ਪੜਤਾਲ), ਪੰਜਾਬ, ਚੰਡੀਗੜ੍ਹ;
3. ਸਕੱਤਰ/ਮੁੱਖ ਸਕੱਤਰ, ਪੰਜਾਬ ਸਿਵਲ ਸਕੱਤਰੇਤ;
4. ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ, ਆਮ ਰਾਜ ਪ੍ਰਬੰਧ ਵਿਭਾਗ;
5. ਨਿੱਜੀ ਸਹਾਇਕ/ਵਿਸ਼ੇਸ਼ ਸਕੱਤਰ, ਸਕੱਤਰੇਤ ਪ੍ਰਸ਼ਾਸਨ;
6. ਸ.ਸ.ਸ./ਅਧੀਨ ਸਕੱਤਰ, ਸਕੱਤਰੇਤ ਪ੍ਰਸ਼ਾਸਨ;
7. ਸ.ਸ.ਸ./ਅਧੀਨ ਸਕੱਤਰ, ਜਨਰਲ;
8. ਸੁਪਰਡੰਟ, ਸਕੱਤਰੇਤ ਲੇਖਾ-1,2,3,4,5 ਸ਼ਾਖਾਵਾਂ;
9. ਸੁਪਰਡੰਟ, ਸਕੱਤਰੇਤ ਅਮਲਾ-1,3,4,5 ਸ਼ਾਖਾਵਾਂ;
10. ਪ੍ਰਸ਼ਾਸਕੀ ਅਫ਼ਸਰ-1 ਅਤੇ 2, ਪੰਜਾਬ ਸਿਵਲ ਸਕੱਤਰੇਤ;
11. ਸਿਵਲ ਕੰਟਰੋਲ ਰੂਮ, ਪੰਜਾਬ ਸਿਵਲ ਸਕੱਤਰੇਤ;
12. ਪੁਸਤਕਾਲ, ਪੁਸਤਕਾਲੀਆ, ਪੰਜਾਬ ਸਿਵਲ ਸਕੱਤਰੇਤ;
13. 3ਅ2 ਅਤੇ 5ਅ2, ਅਮਲਾ-2 ਸ਼ਾਖਾ;
14. ਸ੍ਰੀਮਤੀ ਹਰਦੀਪ ਕੌਰ ਪੁੱਤਰੀ ਸ੍ਰੀ ਮੇਜਰ ਸਿੰਘ ਵਾਸੀ ਪਿੰਡ ਸੋਤਲ ਬਾਬਾ, ਤਹਿਸੀਲ ਚਮਕੌਰ ਸਾਹਿਬ, ਜਿਲ੍ਹਾ ਰੂਪਨਗਰ, ਮੌਜੂਦਾ ਪਤਾ - ਮਕਾਨ ਨੰ: 5 ਅਟਾਵਾ, ਸੈਕਟਰ-42, ਬੀ, ਚੰਡੀਗੜ੍ਹ।

ਸੁਪਰਡੰਟ

ਪਿੱ.ਅੰ.ਨੰ:GAD-EST20COMP/10/2020-2E2/279 ਮਿਤੀ, ਚੰਡੀਗੜ੍ਹ, 27.07.2021

ਉਪਰੋਕਤ ਦਾ ਉਤਾਰਾ ਨਿਮਨਲਿਖਿਤ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ;
   ਡਵੀਜਨਾਂ ਦੇ ਕਮਿਸ਼ਨਰਜ਼, ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰਜ਼।
2. ਰਾਜ ਦੇ ਸਮੂਹ ਬੋਰਡ/ਕਾਰਪੋਰੇਸ਼ਨਾਂ ਦੇ ਚੇਅਰਮੈਨ/ ਮੈਨੇਜਿੰਗ ਡਾਇਰੈਕਟਰਜ਼;
3. ਰਜਿਸਟਟਰਾਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ;

4. ਸਮੂਹ ਜਿਲ੍ਹਾ ਅਤੇ ਸੈਸ਼ਨ ਜੱਜ, ਪੰਜਾਬ।

5. ਸਕੱਤਰ, ਪੰਜਾਬ ਵਿਧਾਨ ਸਭਾ,

6. ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ. ਨਗਰ(ਮੁਹਾਲੀ) ਨੂੰ ਉਨ੍ਹਾਂ ਦੇ ਪੱਤਰ ਨੰ: ਪਸਸਬ-ਵੈਰੀਫਿਕੇਸ਼ਨ/L1674- Section-B3, ਮਿਤੀ 20.10.2020 ਅਤੇ ਪੱਤਰ ਨੰ: 2612 ਵੈਰੀਫਿਕੇਸ਼ਨ ਸ਼ਾਖਾ, ਮਿਤੀ 09.11.2020 ਦੇ ਹਵਾਲੇ ਵਿੱਚ;

7. ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਉਨ੍ਹਾਂ ਦੇ ਪੱਤਰ ਨੰ: 1314/ਵ.ਸ. ਮਿਤੀ 08.07.2021 ਦੇ ਹਵਾਲੇ ਵਿੱਚ।

ਸੁਪਰਡੰਟ

ਇਸ ਦੀ ਇੱਕ ਉਤਾਰਾ ਸਮੂਹ ਵਿਸ਼ੇਸ਼ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ

ਸੇਵਾ ਵਿਖੇ

ਵਿਸ਼ੇਸ਼ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ,
ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।
ਅੰ.ਵਿ.ਪੱ.ਨੰ: :GAD-EST20COMP/10/2020-2E2/279 ਮਿਤੀ, ਚੰਡੀਗੜ੍ਹ 27.07.2021

E. No. 6569/EB Dated 12/8/2021
Sec. Office to note. Copy also given to the System Office to upload on the website.

06/08/2021

12/8/2021